# Asia Economic Dialogue - 2023 (February 23-25, 2023)

February 22, 2023

................

## ਏਸ਼ੀਆਈ ਆਰਥਿਕ ਸੰਵਾਦ - 2023 (23-25 ਫਰਵਰੀ, 2023)

## 22 ਫਰਵਰੀ, 2023

1. ਏਸ਼ੀਆਈ ਆਰਥਿਕ ਸੰਵਾਦ (AED) ਮੰਤਰਾਲੇ ਦਾ ਭੂ - ਅਰਥਸ਼ਾਸਤਰ ਦੇ ਵਿਸ਼ੇ 'ਤੇ ਸਾਲਾਨਾ ਪ੍ਰਮੁੱਖ ਸਮਾਗਮ ਹੈ, ਜੋ ਪੁਣੇ ਇੰਟਰਨੈਸ਼ਨਲ ਸੈਂਟਰ ਦੇ ਸਹਿਯੋਗ ਨਾਲ ਕਰਾਇਆ ਜਾਂਦਾ ਹੈ|

2. 7ਵਾਂ ਏਸ਼ੀਆਈ ਆਰਥਿਕ ਸੰਵਾਦ 23-25 ਫਰਵਰੀ, 2023 ਤੱਕ ਪੁਣੇ ਵਿੱਚ ਹੋਵੇਗਾ| ਸੰਵਾਦ ਦਾ ਮੁੱਖ ਵਿਸ਼ਾ 'ਏਸ਼ੀਆ ਅਤੇ ਉਭਰਦੀ ਆਲਮੀ ਵਿਵਸਥਾ' ਹੈ| ਗੱਲਬਾਤ ਵਿੱਚ ਆਲਮੀ ਵਿਕਾਸ ਦੀਆਂ ਸੰਭਾਵਨਾਵਾਂ, ਗਲੋਬਲ ਸਾਊਥ ਜੀ20 ਏਜੰਡੇ ਨੂੰ ਕਿਵੇਂ ਰੂਪ ਦੇਵੇਗਾ; ਮੈਟਾਵਰਸ, ਭਵਿੱਖ ਨੂੰ ਸਮਝਣ ਅਤੇ ਜਲਵਾਯੂ ਟੀਚਿਆਂ ਨੂੰ ਪੂਰਾ ਕਰਨਾ: ਅੱਗੇ ਦੀ ਰਾਹ ਵਰਗੇ ਵਿਸ਼ਿਆਂ 'ਤੇ ਵੀ ਚਰਚਾ ਕੀਤੀ ਜਾਵੇਗੀ|

3. ਸੰਵਾਦ ਦੇ ਉਦਘਾਟਨੀ ਸੈਸ਼ਨ ਦੌਰਾਨ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ, ਭੂਟਾਨ ਸ਼ਾਹੀ ਸਰਕਾਰ ਦੇ ਵਿੱਤ ਮੰਤਰੀ ਮਹਮਹਿਮ ਸ਼੍ਰੀ ਲਿਓਨਪੋ ਨਾਮਗੇ ਸ਼ੇਰਿੰਗ, ਤੇ ਮਾਲਦੀਵ ਦੇ ਵਿੱਤ ਮੰਤਰੀ ਮਹਾਮਹਿਮ ਸ਼੍ਰੀ ਇਬਰਾਹਿਮ ਅਮੀਰ ਦਰਮਿਆਨ ਗੱਲਬਾਤ ਹੋਵੇਗੀ|

4. ਇਸ ਗੱਲਬਾਤ ਵਿੱਚ ਬ੍ਰਾਜ਼ੀਲ, ਅਮਰੀਕਾ, ਇੰਗਲੈਂਡ, ਦੱਖਣ ਅਫਰੀਕਾ, ਭੂਟਾਨ, ਮਾਲਦੀਵ, ਸਵਿਟਜ਼ਰਲੈਂਡ, ਸਿੰਗਾਪੁਰ ਅਤੇ ਮੈਕਸੀਕੋ ਸਮੇਤ ਵੱਖ-ਵੱਖ ਦੇਸ਼ਾਂ ਦੇ 44 ਤੋਂ ਵੱਧ ਬੁਲਾਰੇ ਹਿੱਸਾ ਲੈਣਗੇ| ਵੱਡੀ ਗਿਣਤੀ ਵਿੱਚ ਭਾਗੀਦਾਰ AED ਦੀ ਵੈੱਬਸਾਈਟ ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ ਗੱਲਬਾਤ ਵਿੱਚ ਸ਼ਾਮਲ ਹੋਣਗੇ|

5. AED - 2023 ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ - https://puneinternationalcentre.org/asia-economic-dialogue-2023/ 'ਤੇ ਜਾਓ.

ਨਵੀਂ ਦਿੱਲੀ

22 ਫਰਵਰੀ 22, 2023

DISCLAIMER: This is an approximate translation. The original is available in English on MEA's website and may be referred to as the official press release.